BRAMPTON Flower City brampton.ca

media release

10 ਮਈ, 2018

# ਹੁਣ ਬ੍ਰੈਂਪਟਨ ਦਾ ਸਮਾਂ ਹੈ। ਵਾਧਾ ਤਰਜੀਹਾਂ ਨੂੰ ਉੱਨਤ ਕਰਨ ਵਿੱਚ ਮਦਦ ਕਰੋ।

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਸ਼ਹਿਰ ਦੀਆਂ ਮੁੱਖ ਵਾਧਾ ਤਰਜੀਹਾਂ, ਜੋ ਇਸ ਪ੍ਰਕਾਰ ਹਨ: ਇੰਫਰਾਸਟ੍ਰਕਚਰ, ਸਿੱਖਿਆ ਅਤੇ ਨਵੀਨਤਾ, ਸਿਹਤ ਦੇਖਭਾਲ ਅਤੇ ਖੇਤਰੀ ਸ਼ਾਸਨ, ਨੂੰ ਉੱਨਤ ਕਰਨ ਵਿੱਚ ਮਦਦ ਲਈ ਸ਼ਹਿਰ ਦੇ ਸੂਬਾਈ ਚੋਣ ਉਮੀਦਵਾਰਾਂ ਨੂੰ ਸੱਦਾ ਦੇ ਰਹੀ ਹੈ।

ਇਸਦੀ ਹਿਮਾਇਤ ਕਾਰਜਨੀਤੀ ਦੇ ਹਿੱਸੇ ਦੇ ਤੌਰ 'ਤੇ, ਸਿਟੀ ਨੇ ਉਹਨਾਂ key priorities (ਮੁੱਖ ਤਰਜੀਹਾਂ) ਦੇ ਵੇਰਵੇ ਸਾਂਝੇ ਕੀਤੇ ਹਨ, ਜੋ ਮੌਜੂਦਾ ਦਬਾਵਾਂ ਨੂੰ ਘੱਟ ਕਰਨ ਅਤੇ ਭਵਿੱਖੀ ਮੰਗ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹਨ।

**ਮੁੱਖ ਤਰਜੀਹਾਂ**

1. ਇੰਫਰਾਸਟ੍ਰਕਚਰ:
   - ਟ੍ਰਾਂਜ਼ਿਟ ਵਿੱਚ ਬੇਮਿਸਾਲ ਵਾਧੇ ਨੂੰ ਪੂਰਾ ਕਰਨ ਲਈ, ਲਗਾਤਾਰ ਪੂੰਜੀ ਲੋੜੀਂਦੀ ਹੈ, ਖ਼ਾਸ ਕਰਕੇ ਲਗਾਤਾਰ ਸੁਰੱਖਿਆ ਅਤੇ ਸਮਰੱਥਾ ਨੂੰ ਯਕੀਨੀ ਬਣਾਉਣ ਲਈ ਵਾਧੂ ਬੱਸਾਂ, ਨਵੀਂ ਟੈਕਨੋਲੋਜੀ ਲਈ, ਅਤੇ ਵਧਦੇ ਫਲੀਟ ਨੂੰ ਕਾਇਮ ਰੱਖਣ ਲਈ ਇੱਕ ਨਵੀਂ ਸਟੋਰੇਜ ਫੈਸਿਲਿਟੀ
   - ਹਰਿਆਲੀ ਵਾਲੇ ਅਤੇ ਵੱਧ ਸਥਿਰ ਸ਼ਹਿਰੀ ਵਿਕਾਸ ਦੇ ਪ੍ਰਤੀ, ਰਿਵਰਵਾਕ (Riverwalk) ਪ੍ਰੋਜੈਕਟ ਲਈ, ਅਤੇ ਡਾਉਨਟਾਉਨ ਬ੍ਰੈਂਪਟਨ ਵਿੱਚ ਏਟੋਬੀਕੋ ਕ੍ਰੀਕ (Etobicoke Creek) ਦੇ ਆਸਪਾਸ ਇੱਕ ਨਵੀਨਤਾਕਾਰੀ ਹੜ੍ਹ ਤੋਂ ਬਚਾਅ ਯੋਜਨਾ ਲਈ ਸੂਬਾਈ ਨਿਵੇਸ਼ ਲੋੜੀਂਦਾ ਹੈ

2. ਸਿੱਖਿਆ, ਉੱਤਮਤਾ ਅਤੇ ਨਵੀਨਤਾ
   ਡਾਉਨਟਾਉਨ ਬ੍ਰੈਂਪਟਨ ਯੂਨੀਵਰਸਿਟੀ ਕੈਂਪਸ ਲਈ ਲਗਾਤਾਰ ਸਹਿਯੋਗ, ਵਿਦਿਆਰਥੀਆਂ ਦੇ ਵਧਦੇ ਨਾਮਾਂਕਣ ਸਮੇਤ।

3. ਸਿਹਤ ਸਬੰਧੀ ਭਾਈਵਾਲੀਆਂ
   ਬ੍ਰੈਂਪਟਨ ਸਿਵਿਕ ਹਸਪਤਾਲ (Brampton Civic Hospital) ਵਿਖੇ ਮੌਜੂਦਾ ਰੋਗੀਆਂ ਦੀ ਸੰਖਿਆ 'ਤੇ ਧਿਆਨ ਦੇਣ ਲਈ ਤੁਰੰਤ ਨਿਵੇਸ਼, ਮੌਜੂਦਾ ਪੀਲ ਮੈਮੋਰੀਅਲ ਸੈਂਟਰ (Peel Memorial Centre) ਵਿਖੇ ਵਾਧੂ ਚਰਨਾਂ ਲਈ ਝਟਪਟ ਯੋਜਨਾਵਾਂ ਅਤੇ ਬ੍ਰੈਂਪਟਨ ਵਿੱਚ ਇੱਕ ਤੀਜਾ ਹਸਪਤਾਲ।

4. ਖੇਤਰੀ ਸ਼ਾਸਨ
   ਇਹ ਯਕੀਨੀ ਬਣਾਉਣ ਲਈ ਕਿ ਬ੍ਰੈਂਪਟਨ ਦੀ ਅਬਾਦੀ ਦੀ ਨੁਮਾਇੰਦਗੀ ਨਿਰਪੱਖ ਅਤੇ ਢੁੱਕਵੇਂ ਤੌਰ 'ਤੇ ਕੀਤੀ ਜਾਂਦੀ ਹੈ, ਸਿਟੀ ਨੂੰ ਮੇਅਰ (Mayor) ਦੇ ਇਲਾਵਾ ਰੀਜਨ ਆਫ ਪੀਲ ਕਾਉਂਸਿਲ (Region of Peel Council) ਵਿੱਚ ਸਾਰੇ 10 ਬ੍ਰੈਂਪਟਨ ਕਾਉਂਸਲਰਾਂ (Brampton Councillors) ਦੀ ਲੋੜ ਹੈ।

ਬ੍ਰੈਂਪਟਨ ਦੇ ਨਿਵਾਸੀਆਂ ਨੂੰ ਉਹਨਾਂ ਦੇ ਭਾਈਚਾਰੇ ਬਾਰੇ ਵਿਚਾਰ ਕਰਨ ਅਤੇ ਉਹਨਾਂ ਮੁੱਦਿਆਂ ਦੀ ਹਿਮਾਇਤ ਕਰਨ ਵਿੱਚ ਮਦਦ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜੋ ਸ਼ਹਿਰ ਨੂੰ ਪ੍ਰਭਾਵਿਤ ਕਰਦੇ ਹਨ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਤਰਜੀਹਾਂ ਬਾਰੇ ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਸਮੇਂ *#timeforbrampton* ਦੀ ਵਰਤੋਂ ਕਰਨ।

**ਹਵਾਲੇ**

"ਜਦਕਿ ਬ੍ਰੈਂਪਟਨ ਵਿੱਚ ਕਈ ਰੋਮਾਂਚਕ ਕੰਮ ਹੋ ਰਹੇ ਹਨ, ਜਿਵੇਂ ਸਾਡੇ ਡਾਉਨਟਾਉਨ ਵਿੱਚ ਇੱਕ ਨਵੀਂ ਯੂਨੀਵਰਸਿਟੀ ਅਤੇ ਪੁਨਰ ਵਿਕਾਸ, ਮੇਰੀ ਵੱਡੀ ਚਿੰਤਾ ਸਾਰੇ ਸ਼ਹਿਰ ਲਈ ਸਿਹਤ ਦੇਖਭਾਲ ਦੀ ਫੰਡਿੰਗ ਨੂੰ ਲੈ ਕੇ ਹੈ। ਅਸੀਂ ਤੇਜ਼ੀ ਨਾਲ ਵਧਣ ਵਾਲਾ ਸ਼ਹਿਰ ਹਾਂ ਅਤੇ ਅਫ਼ਸੋਸ ਨਾਲ ਅਬਾਦੀ ਵਿੱਚ ਇਹ ਤੀਬਰ ਵਾਧਾ ਸਿਹਤ ਦੇਖਭਾਲ ਸੇਵਾ ਦੀਆਂ ਕਮੀਆਂ ਵਿੱਚ ਯੋਗਦਾਨ ਪਾਉਣ ਵਾਲਾ ਕਾਰਕ ਹੈ। ਸਾਨੂੰ ਲੋੜ ਹੈ ਕਿ ਓਨਟੈਰੀਓ ਸਰਕਾਰ (Ontario Government) ਬ੍ਰੈਂਪਟਨ ਦੇ ਮੌਜੂਦਾ ਸਿਹਤ ਦੇਖਭਾਲ ਸਿਸਟਮ ਨੂੰ ਕਾਇਮ ਰੱਖਣ ਅਤੇ ਸੰਚਾਲਨ ਲਈ ਫੰਡਿੰਗ ਜਲਦੀ ਭੇਜੇ।"

- *ਮੇਅਰ ਲਿੰਡਾ ਜੈਫਰੀ (Linda Jeffrey)*

"ਸਭ ਤੋਂ ਵੱਧ ਜਵਾਨ ਅਤੇ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ 'ਤੇ, ਬ੍ਰੈਂਪਟਨ ਦੇ ਵਾਧੇ ਦਾ ਜਨਤਕ ਉਮੀਦਾਂ ਨਾਲ ਸੰਤੁਲਨ ਬਿਠਾਉਣਾ ਸਿਟੀ ਲਈ ਧਿਆਨ ਕੇਂਦਰਿਤ ਕਰਨ ਵਾਲਾ ਮੁੱਖ ਖੇਤਰ ਹੈ। ਅਸੀਂ ਉਹਨਾਂ ਮੁੱਖ ਪਹਿਲਕਦਮੀਆਂ ਦੀ ਹਿਮਾਇਤ ਕਰਨ ਵਿੱਚ ਸਰਕਾਰ ਦੇ ਸਾਰੇ ਵਿਭਾਗਾਂ ਦੇ ਨਾਲ ਲਗਾਤਾਰ ਕੰਮ ਕਰਨਾ ਜਾਰੀ ਰੱਖਾਂਗੇ, ਜਿਹਨਾਂ ਦਾ ਲੰਮਾ ਆਰਥਿਕ ਅਸਰ ਹੋਵੇਗਾ, ਜੋ ਨੌਕਰੀਆਂ ਪੈਦਾ ਕਰਨਗੀਆਂ ਅਤੇ ਸਾਡੇ ਨਿਵਾਸੀਆਂ ਲਈ ਭਾਈਚਾਰਕ ਮਾਣ ਅਤੇ ਜੀਵਨ ਕੁਆਲਿਟੀ ਨੂੰ ਵਧਾਉਣਗੀਆਂ।"

- *ਹੈਰੀ ਸ਼ਲੈਂਗ (Harry Schlange), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca